CEAS

B.C. Coalition to Eliminate Abuse of Seniors

## ਬਜ਼ੁਰਗਾਂ ਲਈ ਜਾਣਕਾਰੀ

*ਬਜ਼ੁਰਗਾਂ ਲਈ ਜਾਣਕਾਰੀ ਦੀਆਂ ਸ਼ੀਟਾਂ ਦੀ ਲੜੀ ਵਿੱਚੋਂ ਇਹ ਇਕ ਸ਼ੀਟ ਹੈ। ਹੋਰ ਇਹ ਹਨ:*

- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ – ਕੀ ਇਹ ਇਕ ਜੁਰਮ ਹੈ?*
- *ਜੁਰਮਾਂ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਅਤੇ ਤੁਹਾਡੇ ਵਲੋਂ ਰਿਪੋਰਟ ਕਰਨ ਵੇਲੇ ਕੀ ਹੁੰਦਾ ਹੈ*
- *ਅਡੱਲਟ ਗਾਰਡੀਅਨਸ਼ਿਪ ਐਕਟ ਦੇ ਹਿੱਸਾ 3 ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀ ਰਿਪੋਰਟ ਕਰਨਾ*
- *ਕਨੂੰਨੀ ਮਦਦ ਕਿੱਥੋਂ ਲੈਣੀ ਹੈ*
- *ਆਪਣੇ ਕੰਮਾਂ ਦੇ ਪ੍ਰਬੰਧ ਵਿਚ ਮਦਦ ਲਈ ਹੋਰ ਲੋਕਾਂ ਨੂੰ ਅਧਿਕਾਰ ਦੇਣਾ*

# ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਅਤੇ ਕਰਿਮੀਨਲ ਜਸਟਿਸ ਸਿਸਟਮ

ਬਜ਼ੁਰਗਾਂ ਖਿਲਾਫ ਜੁਰਮਾਂ ਵਾਲੀਆਂ ਬਹੁਤ ਸਾਰੀਆਂ ਹਾਲਤਾਂ ਪੁਲੀਸ ਕੋਲ ਰਿਪੋਰਟ ਕੀਤੀਆਂ ਜਾ ਰਹੀਆਂ ਹਨ। ਅਜਿਹਾ ਇਸ ਕਰਕੇ ਵੀ ਹੈ ਕਿਉਂਕਿ ਪੁਲੀਸ ਅਤੇ ਕਮਿਊਨਟੀਆਂ ਵਿਚਲੇ ਲੋਕ ਇਹ ਪੱਕਾ ਕਰਨ ਲਈ ਰਲ ਕੇ ਕੰਮ ਕਰ ਰਹੇ ਹਨ ਕਿ ਬਜ਼ੁਰਗ ਲੋਕਾਂ ਦੀ ਖਤਰੇ ਵਿਚ ਹੋਣ ਵੇਲੇ ਹਿਫਾਜ਼ਤ ਹੋ ਰਹੀ ਹੈ।

ਇਹ ਗੱਲ ਸਮਝਣ ਯੋਗ ਹੈ ਕਿ ਇਸ ਚੀਜ਼ ਬਾਰੇ ਸਵਾਲ ਹਨ ਕਿ ਜਸਟਿਸ ਸਿਸਟਮ (ਅਦਾਲਤੀ ਸਿਸਟਮ) ਕਿਵੇਂ ਕੰਮ ਕਰਦਾ ਹੈ।

### ਪੁਲੀਸ ਦਾ ਰੋਲ

ਪੁਲੀਸ ਪੜਤਾਲ ਕਰਦੀ ਹੈ:

- ਸੁਰੱਖਿਆ ਦੇ ਮਸਲਿਆਂ ਨਾਲ ਸੰਬੰਧਿਤ ਰਿਪੋਰਟਾਂ ਦੀ, ਖਾਸ ਕਰਕੇ ਉਦੋਂ ਜੇ ਖਤਰੇ ਵਿਚਲਾ ਵਿਅਕਤੀ ਆਪਣੇ ਲਈ ਮਦਦ ਲੈਣ ਦੇ ਅਸਮਰੱਥ ਹੋਵੇ,
- ਜੁਰਮਾਂ ਬਾਰੇ ਰਿਪੋਰਟਾਂ ਦੀ,
- ਸ਼ੱਕੀ ਸਰਗਰਮੀਆਂ ਦੀ ਜਿਹੜੀਆਂ ਪੁਲੀਸ ਨੂੰ ਇਹ ਯਕੀਨ ਕਰਾਉਂਦੀਆਂ ਹਨ ਕਿ ਕੋਈ ਜੁਰਮ ਕੀਤਾ ਗਿਆ ਹੋ ਸਕਦਾ ਹੈ।

### ਪੁਲੀਸ ਦੀ ਪੜਤਾਲ ਵਿਚ ਆਮ ਤੌਰ ’ਤੇ ਕਿਹੜੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ?

ਪੁਲੀਸ ਦੀ ਪੜਤਾਲ ਵਿਚ ਆਮ ਤੌਰ ’ਤੇ ਇਹ ਚੀਜ਼ਾਂ ਸ਼ਾਮਲ ਹੁੰਦੀਆਂ ਹਨ:

- ਰਿਪੋਰਟ ਲੈਣ ਲਈ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਦੀ ਇੰਟਰਵਿਊ ਕਰਨਾ, ਅਤੇ ਜੇ ਕੋਈ ਗਵਾਹ ਹੋਣ ਤਾਂ ਉਨ੍ਹਾਂ ਨਾਲ ਇੰਟਰਵਿਊ ਕਰਨਾ
- ਸਬੂਤ ਇਕੱਠੇ ਕਰਨਾ
- ਸ਼ਿਕਾਰ ਹੋਏ ਵਿਅਕਤੀ ਅਤੇ ਗਵਾਹਾਂ ਤੋਂ ਬਿਆਨ ਲੈਣਾ
- ਮੈਡੀਕਲ ਕਨੂੰਨੀ ਸਬੂਤਾਂ ਦਾ ਪ੍ਰਬੰਧ ਕਰਨਾ (ਕਨੂੰਨੀ ਸਬੂਤ ਲਾਅ ਕੋਰਟਾਂ ਵਿਚ ਵਰਤੇ ਜਾਂਦੇ ਹਨ)
- ਜੁਰਮ ਵਾਲੇ ਸਥਾਨ ਨੂੰ ਕਾਇਮ ਰੱਖਣਾ, ਇਸ ਨੂੰ ਪ੍ਰੀਜ਼ਰਵਿੰਗ ਕਰਾਇਮ ਸੀਨ ਵੀ ਆਖਿਆ ਜਾਂਦਾ ਹੈ
- ਸ਼ੱਕੀ ਅਪਰਾਧੀ ਨਾਲ ਇੰਟਰਵਿਊ ਕਰਨਾ ਅਤੇ, ਕੁਝ ਕੇਸਾਂ ਵਿਚ, ਉਸ ਨੂੰ ਗ੍ਰਿਫਤਾਰ ਕਰਨਾ।

### ਪੁਲੀਸ ਗ੍ਰਿਫਤਾਰੀ ਕਦੋਂ ਕਰਦੀ ਹੈ?

ਜੇ ਇਸ ਚੀਜ਼ ਦਾ ਕਾਫੀ ਸਬੂਤ ਹੋਵੇ ਕਿ ਕੋਈ ਜੁਰਮ ਕੀਤਾ ਗਿਆ ਹੈ ਤਾਂ ਪੁਲੀਸ ਸ਼ੱਕੀ ਅਪਰਾਧੀ ਨੂੰ ਗ੍ਰਿਫਤਾਰ ਕਰ ਲਵੇਗੀ। ਇਹ ਗ੍ਰਿਫਤਾਰੀ ਸ਼ੱਕੀ ਦੀ ਪਛਾਣ ਯਕੀਨੀ ਬਣਾਉਣ ਲਈ, ਅਪਰਾਧੀ ਦੇ ਜੁਰਮ ਰੋਕਣ ਲਈ ਜਾਂ ਇਹ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਕਿ ਸ਼ਿਕਾਰ ਵਿਅਕਤੀ ਸੁਰੱਖਿਅਤ ਰਹੇਗਾ।

## ਜੇ ਅਪਰਾਧੀ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਤਾਂ ਕੀ ਵਾਪਰਦਾ ਹੈ?

ਜਦੋਂ ਕਿਸੇ ਅਪਰਾਧੀ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਪੁਲੀਸ ਇਹ ਕਰੇਗੀ:

1) ਉਸ ਵਿਅਕਤੀ ਨੂੰ ਕੈਦ ਵਿਚ ਰੱਖੇਗੀ ਜੇ ਪੁਲੀਸ ਇਹ ਯਕੀਨ ਕਰੇ ਕਿ ਉਹ ਦੂਜਿਆਂ ਲਈ ਖਤਰਾ ਹੈ ਜਾਂ ਹੋ ਸਕਦਾ ਉਹ ਮੰਗ ਕੀਤੇ ਮੁਤਾਬਕ ਅਦਾਲਤ ਵਿਚ ਨਾ ਆਵੇ। ਸਰਕਾਰੀ ਵਕੀਲ, ਦੋਸ਼ ਲੱਗੇ ਵਿਅਕਤੀ ਨੂੰ ਮੁਢਲੀ ਇਨਕੁਆਰੀ ਜਾਂ ਮੁਕੱਦਮੇ ਤੱਕ ਰਿਹਾਅ ਨਾ ਕਰਨ ਦੇ ਕਾਰਨ ਦੱਸਣ ਲਈ ਇਕ "ਸ਼ੋਅ ਕਾਜ਼ ਹੀਅਰਿੰਗ" ਕਰੇਗਾ।

ਜਾਂ,

2) ਰਿਹਾਈ ਨਾਲ ਲੱਗੀਆਂ ਸ਼ਰਤਾਂ ਨਾਲ ਵਿਅਕਤੀ ਨੂੰ ਜਾਣ ਦੇਵੇਗਾ।

## ਪੁਲੀਸ ਸਰਕਾਰੀ ਵਕੀਲ ਲਈ ਇਕ ਰਿਪੋਰਟ ਤਿਆਰ ਕਰਦੀ ਹੈ

ਜੇ ਪੁਲੀਸ ਇਹ ਯਕੀਨ ਕਰੇ ਕਿ ਜੁਰਮ ਕੀਤਾ ਗਿਆ ਹੈ ਤਾਂ ਉਹ ਸਰਕਾਰੀ ਵਕੀਲ ਲਈ ਇਕ ਰਿਪੋਰਟ ਤਿਆਰ ਕਰੇਗੀ ਜਿਸ ਵਿਚ ਇਹ ਸੁਝਾਅ ਦਿੱਤਾ ਗਿਆ ਹੋਵੇਗਾ ਕਿ ਚਾਰਜ (ਦੋਸ਼) ਲਾਏ ਜਾਣ।

ਇਸ ਰਿਪੋਰਟ ਨੂੰ **ਰਿਪੋਰਟ ਟੂ ਕਰਾਊਨ ਕੌਂਸਲ** (ਆਰ ਟੀ ਸੀ ਸੀ) ਆਖਿਆ ਜਾਂਦਾ ਹੈ। ਇਸ ਨੂੰ ਕਦੇ ਕਦੇ ਚਾਰਜ ਦਾ "ਵੇਰਵਾ" ਵੀ ਆਖਿਆ ਜਾਂਦਾ ਹੈ। ਰਿਪੋਰਟ ਵਿਚ ਜਾਣਕਾਰੀ ਜਾਂ ਪੁਲੀਸ ਦੀ ਪੜਤਾਲ ਵਿੱਚੋਂ ਪਤਾ ਲੱਗੇ ਤੱਥ ਅਤੇ ਚਾਰਜ ਦੇ ਹਾਲਾਤ ਅਤੇ ਗ੍ਰਿਫਤਾਰੀ ਸ਼ਾਮਲ ਹੁੰਦੇ ਹਨ।

## ਸਰਕਾਰੀ ਵਕੀਲ ਦਾ ਰੋਲ

ਸਰਕਾਰੀ ਵਕੀਲ ਪੁਲੀਸ ਤੋਂ ਮਿਲੀ ਰਿਪੋਰਟ ਨੂੰ ਚੈੱਕ ਕਰਦਾ ਹੈ ਅਤੇ ਇਹ ਫੈਸਲਾ ਕਰਦਾ ਹੈ ਕਿ ਕੀ ਸ਼ੱਕੀ ਅਪਰਾਧੀ ਨੂੰ ਚਾਰਜ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਸਰਕਾਰੀ ਵਕੀਲ ਦਾ ਫੈਸਲਾ ਇਸ ਚੀਜ਼ 'ਤੇ ਆਧਾਰਿਤ ਹੁੰਦਾ ਹੈ ਕਿ ਕੀ ਇਸ ਚੀਜ਼ ਦੇ ਕਾਫੀ ਸਬੂਤ ਹਨ ਜਿਨ੍ਹਾਂ ਨਾਲ ਉਸ ਵਿਅਕਤੀ ਨੂੰ ਜੁਰਮ ਲਈ ਦੋਸ਼ੀ ਠਹਿਰਾਇਆ ਜਾ ਸਕੇ। ਸਰਕਾਰੀ ਵਕੀਲ ਇਸ ਚੀਜ਼ ਬਾਰੇ ਵੀ ਸੋਚੇਗਾ ਕਿ ਕੀ ਵਿਅਕਤੀ ਨੂੰ ਚਾਰਜ ਕਰਨਾ ਲੋਕ ਹਿੱਤ ਵਿਚ ਹੈ ਜਾਂ ਨਹੀਂ। ਲੋਕ ਹਿੱਤ ਬਾਰੇ ਫੈਸਲਾ ਕਰਨ ਵੇਲੇ ਉਹ ਕੇਸ ਦੀਆਂ ਹਾਲਤਾਂ ਅਤੇ ਸਥਾਨਕ ਕਮਿਊਨਟੀ ਦੇ ਸਰੋਕਾਰਾਂ 'ਤੇ ਵਿਚਾਰ ਕਰੇਗਾ।

ਚਾਰਜ ਲਾਉਣ ਬਾਰੇ ਫੈਸਲਾ ਕਰਨ ਵੇਲੇ ਸਰਕਾਰੀ ਵਕੀਲ ਇਨ੍ਹਾਂ ਚੀਜ਼ਾਂ ਦਾ ਖਿਆਲ ਵੀ ਰੱਖਦਾ ਹੈ:

- ਚਾਰਜਾਂ ਦੀ ਗੰਭੀਰਤਾ
- ਕੀ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਕਾਫੀ ਨੁਕਸਾਨ ਪਹੁੰਚਾਇਆ ਗਿਆ ਸੀ
- ਕੀ ਕਿਸੇ ਹਥਿਆਰ ਦੀ ਵਰਤੋਂ ਕੀਤੀ ਗਈ ਸੀ
- ਕੀ ਜੁਰਮ ਦਾ ਸ਼ਿਕਾਰ ਵਿਅਕਤੀ ਨਾਜ਼ਕ ਹਾਲਤ ਵਿਚ ਹੈ
- ਕੀ ਦੋਸ਼ ਲੱਗਾ ਵਿਅਕਤੀ ਪਹਿਲਾਂ ਵੀ ਜੁਰਮਾਂ ਲਈ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ
- ਕੀ ਦੋਸ਼ ਲੱਗਾ ਵਿਅਕਤੀ ਭਰੋਸੇ ਵਾਲਾ ਵਿਅਕਤੀ ਸੀ
- ਕੀ ਹਮਲਾ ਸ਼ਿਕਾਰ ਵਿਅਕਤੀ ਦੀ ਨਸਲ, ਪਿਛੋਕੜ, ਰੰਗ, ਧਰਮ, ਸੈਕਸ, ਉਮਰ, ਦਿਮਾਗੀ ਜਾਂ ਸਰੀਰਕ ਅਪਾਹਜਤਾ, ਰਾਜਨੀਤਕ ਵਿਚਾਰਾਂ, ਜਾਂ ਕਾਮੁਕ ਰੁਚੀਆਂ ਕਾਰਨ ਕੀਤਾ ਗਿਆ ਸੀ
- ਕੀ ਦੋਸ਼ ਲੱਗੇ ਵਿਅਕਤੀ ਦੀ ਅਸਲੀ ਜਾਂ ਦਿਮਾਗੀ ਉਮਰ ਅਤੇ ਸ਼ਿਕਾਰ ਹੋਏ ਵਿਅਕਤੀ ਵਿਚਕਾਰ ਮਹੱਤਵਪੂਰਨ ਫਰਕ ਹੈ।
- ਕੀ ਹਮਲਾ ਉਦੋਂ ਹੋਇਆ ਸੀ ਜਦੋਂ ਦੋਸ਼ ਲੱਗਾ ਅਪਰਾਧੀ ਅਦਾਲਤ ਦੇ ਕਿਸੇ ਆਰਡਰ ਹੇਠ ਸੀ
- ਕੀ ਜੁਰਮ, ਭਾਵੇਂ ਆਪਣੇ ਆਪ ਵਿਚ ਗੰਭੀਰ ਨਹੀਂ ਵੀ ਹੈ, ਉਸ ਇਲਾਕੇ ਵਿਚ ਕਾਫੀ ਹੋ ਰਿਹਾ ਹੈ ਜਿੱਥੇ ਇਹ ਹੋਇਆ ਸੀ।

## ਚਾਰਜ ਲਾਉਣਾ

ਜੇ ਸਰਕਾਰੀ ਵਕੀਲ ਇਹ ਫੈਸਲਾ ਕਰਦਾ ਹੈ ਕਿ ਦੋਸ਼ ਲੱਗੇ ਵਿਅਕਤੀ ਨੂੰ ਚਾਰਜ ਕੀਤਾ ਜਾਣਾ ਚਾਹੀਦਾ ਹੈ ਤਾਂ ਇਕ "ਜਾਣਕਾਰੀ" ਤਿਆਰ ਕੀਤੀ ਜਾਂਦੀ ਹੈ ਜਿਹੜੀ ਕਿ ਇਹ ਦੱਸਦੀ ਹੈ ਕਿ ਚਾਰਜ (ਦੋਸ਼) ਕੀ ਹਨ। ਕੋਈ ਜਸਟਿਸ ਆਫ ਪੀਸ ਪੁਲੀਸ ਅਫਸਰ ਤੋਂ "ਜਾਣਕਾਰੀ ਦੇ ਸਹੀ ਹੋਣ ਦੀ ਸਹੁੰ ਚੁਕਾਏਗਾ"।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਜੁਰਮ ਦਾ ਚਾਰਜ ਲੱਗੇ ਵਿਅਕਤੀ ਨੂੰ ਕਰਿਮੀਨਲ ਕੋਰਟ ਵਿਚ ਲੱਗੇ ਚਾਰਜਾਂ ਨਾਲ ਸਿੱਝਣ ਲਈ ਕਿਸੇ ਵਕੀਲ ਨੂੰ ਕਰਨ ਦੀ ਲੋੜ ਹੁੰਦੀ ਹੈ। ਸ਼ਿਕਾਰ ਹੋਏ ਵਿਅਕਤੀ ਨੂੰ ਦੋਸ਼ ਲੱਗੇ ਵਿਅਕਤੀ ਵਿਰੁੱਧ ਚਾਰਜ ਲਾਉਣ ਲਈ ਕਿਸੇ ਵਕੀਲ ਦੀ ਲੋੜ ਨਹੀਂ ਹੁੰਦੀ। ਸਰਕਾਰੀ ਵਕੀਲ, ਸਟੇਟ ਦੀ ਤਰਫੋਂ ਦੋਸ਼ ਲੱਗੇ ਵਿਅਕਤੀ 'ਤੇ ਮੁਕੱਦਮਾ ਚਲਾਏਗਾ।

## ਵਿਕਟਿਮ ਸਰਵਿਸ ਵਰਕਰਾਂ ਦਾ ਰੋਲ

ਵਿਕਟਿਮ ਸਰਵਿਸ ਵਰਕਰ, ਜੁਰਮ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਜਾਣਕਾਰੀ, ਅਮਲੀ ਸਹਾਇਤਾ ਅਤੇ ਜਜ਼ਬਾਤੀ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ ਜਿਸ ਦੀ ਉਨ੍ਹਾਂ ਨੂੰ ਜਸਟਿਸ ਸਿਸਟਮ ਨਾਲ ਵਰਤਣ ਲਈ ਲੋੜ ਹੁੰਦੀ ਹੈ। ਸਰਕਾਰ ਦੀ ਮਦਦ ਨਾਲ ਚੱਲਣ ਵਾਲੇ ਇਹ ਪ੍ਰੋਗਰਾਮ, ਪੁਲੀਸ ਅਤੇ ਕਮਿਉਨਟੀ ਨਾਲ ਰਲ ਕੇ ਕੰਮ ਕਰਦੇ ਹਨ।

ਵਿਕਟਿਮ ਸਰਵਿਸ ਵਰਕਰ, ਜੁਰਮਾਂ ਦਾ ਸ਼ਿਕਾਰ ਹੋਏ ਲੋਕਾਂ ਦੀ ਆਪਣੇ ਕੇਸ ਬਾਰੇ ਪੁਲੀਸ ਅਤੇ ਸਰਕਾਰੀ ਵਕੀਲ ਤੋਂ ਜਾਣਕਾਰੀ ਲੈਣ ਵਿਚ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸ ਵਰਕਰ, ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਦੀਆਂ ਖਾਸ ਲੋੜਾਂ ਅਤੇ ਫਿਕਰਾਂ ਬਾਰੇ ਪੁਲੀਸ ਜਾਂ ਸਰਕਾਰੀ ਵਕੀਲ ਨੂੰ ਜਾਣਕਾਰੀ ਵੀ ਦੇ ਸਕਦੇ ਹਨ।

- **ਕਮਿਉਨਟੀ-ਆਧਾਰਿਤ ਵਿਕਟਿਮ ਸਰਵਿਸ ਪ੍ਰੋਗਰਾਮ** – ਇਹ ਪ੍ਰੋਗਰਾਮ ਸੂਬੇ ਭਰ ਵਿਚ ਕਮਿਉਨਟੀ ਏਜੰਸੀਆਂ ਰਾਹੀਂ ਪ੍ਰਦਾਨ ਕੀਤੇ ਜਾਂਦੇ ਹਨ। ਕੁਝ ਪ੍ਰੋਗਰਾਮ ਪਰਿਵਾਰਕ ਅਤੇ ਕਾਮੁਕ ਹਿੰਸਾ ਲਈ ਖਾਸ ਹੁੰਦੇ ਹਨ ਅਤੇ ਕੁਝ ਹੋਰ ਐਬਰਿਜਨਲ ਜਾਂ ਵੱਖ ਵੱਖ ਸਭਿਆਚਾਰਕ ਪਿਛੋਕੜਾਂ ਵਾਲੇ ਲੋਕਾਂ ਨੂੰ ਸਰਵਿਸ ਦੇਣ ਵਿਚ ਮਾਹਰ ਹੁੰਦੇ ਹਨ।
- **ਪੁਲੀਸ-ਆਧਾਰਿਤ ਵਿਕਟਿਮ ਸਰਵਿਸ ਪ੍ਰੋਗਰਾਮ** – ਇਹ ਪ੍ਰੋਗਰਾਮ ਜੋ ਕਿ ਆਮ ਤੌਰ 'ਤੇ ਬੀ ਸੀ ਭਰ ਦੇ ਬਹੁਤ ਸਾਰੇ ਇਲਾਕਿਆਂ ਦੀਆਂ ਪੁਲੀਸ ਚੌਂਕੀਆਂ ਵਿਚ ਸਥਿਤ ਹੁੰਦੇ ਹਨ, ਕਿਸੇ ਵੀ ਜੁਰਮ ਦੇ ਸ਼ਿਕਾਰਾਂ ਨਾਲ ਕੰਮ ਕਰਦੇ ਹਨ, ਭਾਵੇਂ ਇਹ ਜੁਰਮ ਕਿਸੇ ਜਾਇਦਾਦ ਵਿਰੁੱਧ ਹੋਵੇ ਜਾਂ ਵਿਅਕਤੀਆਂ ਵਿਰੁੱਧ ਹੋਵੇ, ਅਤੇ ਇਹ ਆਮ ਤੌਰ 'ਤੇ ਪੁਲੀਸ ਨੂੰ ਜੁਰਮ ਦੀ ਰਿਪੋਰਟ ਦਿੱਤੇ ਜਾਣ ਦੇ ਸਮੇਂ ਤੋਂ ਸ਼ਾਮਲ ਹੁੰਦੇ ਹਨ।
- **ਵਿਕਟਿਮਲਿੰਕ** – ਇਹ ਇਕ ਸੂਬਾਈ ਟੋਲ-ਫ੍ਰੀ ਟੈਲੀਫੋਨ ਸਰਵਿਸ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਵਿਅਕਤੀਆਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਦਿੰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਦੇ ਸ਼ਿਕਾਰਾਂ ਲਈ ਸੰਕਟ ਵਿਚ ਫੌਰੀ ਮਦਦ ਕਰਦੀ ਹੈ। ਦਿਨ ਦੇ 24 ਘੰਟੇ ਅਤੇ ਹਫਤੇ ਦੇ ਸੱਤੇ ਦਿਨ, ਕਿਤਿਉਂ ਵੀ 1-800-563-0808 'ਤੇ ਮੁਫਤ ਫੋਨ ਕਰੋ। ਇਹ ਸਰਵਿਸ ਕਈ ਜ਼ਬਾਨਾਂ ਵਿਚ ਹੈ ਅਤੇ ਟੀ ਟੀ ਵਾਈ ਸਰਵਿਸ ਹੈ। ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕ ਟੀ ਟੀ ਵਾਈ ਸਰਵਿਸ ਨੂੰ 604-875-0885 'ਤੇ ਫੋਨ ਕਰ ਸਕਦੇ ਹਨ।

## ਮੁਆਵਜ਼ਾ ਜਾਂ ਜੁਰਮ ਰਾਹੀਂ ਲਈ ਗਈ ਪ੍ਰਾਪਰਟੀ ਵਾਪਸ ਲੈਣਾ

*ਕਰਿਮੀਨਲ ਕੋਡ* ਕਹਿੰਦਾ ਹੈ ਕਿ ਅਪਰਾਧੀ ਨੂੰ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਮੁਆਵਜ਼ਾ ਦੇਣ ਦਾ ਹੁਕਮ ਕੀਤਾ ਜਾ ਸਕਦਾ ਹੈ ਅਤੇ ਇਹ ਹੁਕਮ ਦਿੱਤਾ ਜਾ ਸਕਦਾ ਹੈ ਕਿ ਉਹ ਜੁਰਮ ਨਾਲ ਹਾਸਲ ਕੀਤੀ ਗਈ ਪ੍ਰਾਪਰਟੀ ਵਾਪਸ ਕਰੇ। ਕੁਝ ਕੇਸਾਂ ਵਿਚ, ਅਦਾਇਗੀ ਪ੍ਰੋਬੇਸ਼ਨ ਜਾਂ ਬਹਾਲੀ ਦੇ ਆਰਡਰ ਦਾ ਹਿੱਸਾ ਹੋ ਸਕਦੀ ਹੈ। ਅਜਿਹਾ ਸਿਰਫ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਸਿੱਧੀ ਚੋਰੀ ਹੋਈ ਹੋਵੇ ਅਤੇ ਨੁਕਸਾਨ ਦੀ ਰਕਮ ਬਾਰੇ ਕੋਈ ਸ਼ੱਕ ਜਾਂ ਭਰਮ ਨਹੀਂ ਹੈ ਜਾਂ ਕੀਮਤ ਬਾਰੇ ਕੋਈ ਮਤਭੇਦ ਨਹੀਂ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਜੁਰਮ ਦਾ ਸ਼ਿਕਾਰ ਵਿਅਕਤੀ ਮਾਇਕ ਮੁਆਵਜ਼ੇ ਦਾ ਹੱਕਦਾਰ ਹੋ ਸਕਦਾ ਹੈ, ਭਾਵੇਂ ਕੋਈ ਚਾਰਜ ਨਾ ਵੀ ਲਾਏ ਗਏ ਹੋਣ। ਦਾਅਵਾ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ **ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ** ਨਾਲ 604-660-3888 'ਤੇ ਜਾਂ ਟੋਲ-ਫ੍ਰੀ **1-866-3888** 'ਤੇ ਸੰਪਰਕ ਕਰੋ।

ਬੁਰਾ ਵਰਤਾਉ ਕਰਨ ਵਾਲੇ ਤੋਂ ਸਿਵਲ ਐਕਸ਼ਨ ਜਾਂ ਮੁਕੱਦਮੇ ਰਾਹੀਂ ਵੀ ਮੁਆਵਜ਼ਾ ਲਿਆ ਜਾ ਸਕਦਾ ਹੈ ਜਾਂ ਚੀਜ਼ਾਂ ਵਾਪਸ ਲਈਆਂ ਜਾ ਸਕਦੀਆਂ ਹਨ। ਸਮੇਂ ਦੀਆਂ ਕੁਝ ਹੱਦਾਂ ਲਾਗੂ ਹਨ, ਇਸ ਕਰਕੇ ਜਿੰਨਾ ਵੀ ਛੇਤੀ ਹੋ ਸਕੇ ਕਨੂੰਨੀ ਸਲਾਹ ਲਵੋ।

## ਸ਼ਿਕਾਇਤਾਂ ਜਾਂ ਅਪੀਲਾਂ

### ਪੁਲੀਸ ਬਾਰੇ

ਬ੍ਰਿਟਿਸ਼ ਕੋਲੰਬੀਆ ਵਿਚ, ਪੁਲੀਸ ਫੋਰਸਾਂ ਦੀਆਂ ਦੋ ਮੁੱਖ ਕਿਸਮਾਂ ਹਨ : ਆਰ ਸੀ ਐੱਮ ਪੀ ਅਤੇ ਮਿਊਂਸਪਲ ਪੁਲੀਸ। ਕੁਝ ਕਮਿਉਨਟੀਆਂ ਵਿਚ ਫਸਟ ਨੇਸ਼ਨਜ਼ ਪੋਲੀਸਿੰਗ ਫੋਰਸ ਵੀ ਹੈ।

ਜੇ ਤੁਹਾਡੇ ਮਨ ਵਿਚ ਇਸ ਗੱਲ ਬਾਰੇ ਸਵਾਲ ਜਾਂ ਫਿਕਰ ਹੋਣ ਕਿ ਪੁਲੀਸ ਨੇ ਮਸਲੇ ਨਾਲ ਕਿਵੇਂ ਨਜਿੱਠਿਆ ਹੈ ਤਾਂ ਸਭ ਤੋਂ ਪਹਿਲਾਂ ਉਸ ਅਫਸਰ ਜਾਂ ਉਸ ਦੇ ਉਪਰਲੇ ਅਫਸਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰੋ। ਕਈ ਗਲਤਫਹਿਮੀਆਂ ਜਾਂ ਭੁਲੇਖੇ ਇਸ ਪੱਧਰ 'ਤੇ ਦੂਰ ਕੀਤੇ ਜਾ ਸਕਦੇ ਹਨ।

ਜੇ ਸਮੱਸਿਆ ਦਾ ਹੱਲ ਨਾ ਹੋਵੇ ਅਤੇ ਸ਼ਿਕਾਇਤ ਮਿਊਂਸਪਲ ਪੁਲੀਸ ਜਾਂ ਫਸਟ ਨੇਸ਼ਨਜ਼ ਪੁਲੀਸ ਬਾਰੇ ਹੈ ਤਾਂ ਪੁਲੀਸ ਕਮਪਲੇਂਟ ਕਮਿਸ਼ਨਰ ਨਾਲ ਸੰਪਰਕ ਕਰੋ। ਵੈਨਕੂਵਰ ਵਿਚ (604) 660-2385 'ਤੇ ਫੋਨ ਕਰੋ। ਸ਼ਿਕਾਇਤ ਦੀ ਕਾਰਵਾਈ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ *ਇਫ ਯੂ ਹੈਵ ਏ ਕਮਪਲੇਂਟ ਅਗੇਨਸਟ ਦਾ ਪੁਲੀਸ ਇਨ ਬੀ ਸੀ* ਨਾਂ ਦਾ ਬਰੋਸ਼ਰ ਪੜ੍ਹੋ।

ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੇ ਕਿਸੇ ਮੈਂਬਰ ਵਿਰੁੱਧ ਸ਼ਿਕਾਇਤ ਲਈ, ਕਮਿਸ਼ਨ ਫਾਰ ਪਬਲਿਕ ਕਮਪਲੇਂਟਸ ਅਗੇਨਸਟ ਦਾ ਆਰ ਸੀ ਐੱਮ ਪੀ ਨਾਲ ਸੰਪਰਕ ਕਰੋ। ਮੁਫਤ ਫੋਨ ਕਰੋ: 1-800-665-6878. ਜ਼ਿਆਦਾ ਜਾਣਕਾਰੀ ਲੈਣ ਲਈ *ਦਾ ਕਮਿਸ਼ਨ ਫਾਰ ਪਬਲਿਕ ਕਮਪਲੇਂਟਸ ਅਗੇਨਸਟ ਦਾ ਆਰ ਸੀ ਐੱਮ ਪੀ* ਨਾਂ ਦਾ ਬਰੋਸ਼ਰ ਪੜ੍ਹੋ।

### ਸਰਕਾਰੀ ਵਕੀਲ ਬਾਰੇ

ਜੇ ਸਰਕਾਰੀ ਵਕੀਲ ਨੇ ਚਾਰਜ ਨਾ ਲਾਉਣ ਦਾ ਫੈਸਲਾ ਕੀਤਾ ਹੈ ਜਦ ਕਿ ਤੁਸੀਂ ਇਹ ਯਕੀਨ ਕਰਦੇ ਹੋ ਕਿ ਅਜਿਹਾ ਕਰਨ ਦਾ ਇਕ ਚੰਗਾ ਕਾਰਨ ਹੈ ਤਾਂ ਤੁਸੀਂ ***ਵਿਕਟਿਮਜ਼ ਆਫ ਕਰਾਇਮ ਐਕਟ*** ਅਧੀਨ ਸਰਕਾਰੀ ਵਕੀਲ ਤੋਂ ਇਸ ਦਾ ਸਪਸ਼ਟੀਕਰਨ ਮੰਗ ਸਕਦੇ ਹੋ। ਜਾਂ, ਜੇ ਤੁਸੀਂ ਕਿਸੇ ਅਜਿਹੇ ਬਜ਼ੁਰਗ ਦੀ ਮਦਦ ਕਰ ਰਹੇ ਹੋ ਜੋ ਆਪ ਇਹ ਸਪਸ਼ਟੀਕਰਨ ਨਹੀਂ ਮੰਗ ਸਕਦਾ ਤਾਂ ਤੁਸੀਂ ਬਜ਼ੁਰਗ ਦੀ ਤਰਫੋਂ ਵੀ ਇਹ ਮੰਗ ਕਰ ਸਕਦੇ ਹੋ।

ਕਨੂੰਨ ਅਤੇ ਆਪਣੇ ਹੱਕਾਂ ਬਾਰੇ ਜ਼ਿਆਦਾ ਜਾਣਨ ਲਈ **ਬੀ ਸੀ ਸੀ ਈ ਏ ਐੱਸ** ਨੂੰ **604 437-1940** 'ਤੇ ਫੋਨ ਕਰੋ ਜੇ ਤੁਸੀਂ ਲੋਅਰ ਮੇਨਲੈਂਡ ਵਿਚ ਰਹਿੰਦੇ ਹੋ ਜਾਂ ਸੂਬੇ ਦੇ ਕਿਸੇ ਵੀ ਹੋਰ ਹਿੱਸੇ ਤੋਂ **1 866 437-1940** 'ਤੇ ਮੁਫਤ ਫੋਨ ਕਰੋ।

*ਇਹ ਜਾਣਕਾਰੀ ਸ਼ੀਟ, ਕਮਿਉਨਟੀ ਆਫ ਸਰੀ ਹੈਲਥ ਗਰਾਂਟ, ਫਰੇਜ਼ਰ ਹੈਲਥ ਅਥਾਰਟੀ ਤੋਂ ਮਿਲੀ ਮਾਇਕ ਸਹਾਇਤਾ ਨਾਲ ਤਿਆਰ ਕੀਤੀ ਗਈ।*